## ਸਮਾਜਿਕ ਵਿਗਿਆਨ (ਸ਼੍ਰੇਣੀ-ਦਸਵੀਂ)
## ਅਕਾਦਮਿਕ ਸਾਲ 2023-24
### ਪ੍ਰਸ਼ਨ ਪੱਤਰ ਦੀ ਰੂਪ ਰੇਖਾ

ਸਮਾਂ: 3 ਘੰਟੇ

ਲਿਖਤੀ =80 ਅੰਕ
ਸੀ.ਸੀ.ਈ.=20 ਅੰਕ
ਕੁੱਲ =100 ਅੰਕ

ਨੋਟ:
1. ਸਾਰੇ ਪ੍ਰਸ਼ਨ ਲਾਜ਼ਮੀ ਹਨ।
2. ਪ੍ਰਸ਼ਨ ਪੱਤਰ ਦੇ ਛੇ ਭਾਗ (ੳ, ਅ, ੲ, ਸ, ਹ ਅਤੇ ਕ) ਹੋਣਗੇ। ਪ੍ਰਸ਼ਨ ਪੱਤਰ ਦੀ ਅੰਕ ਵੰਡ ਹੇਠ ਦਰਜ ਅਨੁਸਾਰ ਹੋਵੇਗੀ।

**ਭਾਗ-ੳ**

**ਬਹੁਵਿਕਲਪੀ ਪ੍ਰਸ਼ਨ:** ਇਸ ਭਾਗ ਵਿੱਚ ਭੂਗੋਲ, ਅਰਥਸ਼ਾਸਤਰ, ਇਤਿਹਾਸ ਅਤੇ ਨਾਗਰਿਕ ਸ਼ਾਸਤਰ ਭਾਗ ਦੇ ਕ੍ਰਮਵਾਰ 2+4+4+2, ਕੁੱਲ 12 ਬਹੁਵਿਕਲਪੀ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। **$12 \times 1 = 12$ ਅੰਕ**

**ਭਾਗ-ਅ**

**ਵਸਤੂਨਿਸ਼ਠ ਪ੍ਰਸ਼ਨ:** ਇਸ ਭਾਗ ਵਿੱਚ ਖਾਲੀ ਥਾਵਾਂ ਭਰੋ, ਸਹੀ/ਗਲਤ ਅਤੇ ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਕੁੱਲ 12 ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਭੂਗੋਲ, ਅਰਥਸ਼ਾਸਤਰ, ਇਤਿਹਾਸ ਅਤੇ ਨਾਗਰਿਕ ਸ਼ਾਸਤਰ ਭਾਗ ਵਿੱਚੋਂ ਕ੍ਰਮਵਾਰ 3+3+3+3, ਕੁੱਲ 12 ਪ੍ਰਸ਼ਨ ਪੁੱਛੇ ਜਾਣਗੇ। **$12 \times 1 = 12$ ਅੰਕ**

**ਭਾਗ-ੲ**

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:** ਇਸ ਭਾਗ ਵਿੱਚ ਕੁੱਲ 8 ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ 3 ਅੰਕ ਦਾ ਹੋਵੇਗਾ। ਪ੍ਰਸ਼ਨ ਦਾ ਉੱਤਰ 30 ਤੋਂ 50 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। ਭੂਗੋਲ, ਅਰਥਸ਼ਾਸਤਰ, ਇਤਿਹਾਸ ਅਤੇ ਨਾਗਰਿਕ ਸ਼ਾਸਤਰ ਭਾਗ ਵਿੱਚੋਂ ਕ੍ਰਮਵਾਰ 2+2+3+1, ਕੁੱਲ 8 ਪ੍ਰਸ਼ਨ ਪੁੱਛੇ ਜਾਣਗੇ। **$8 \times 3 = 24$ ਅੰਕ**

**ਭਾਗ-ਸ**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:** ਇਸ ਭਾਗ ਵਿੱਚ ਕੁੱਲ 4 ਪ੍ਰਸ਼ਨ (100% ਅੰਦਰੂਨੀ ਛੋਟ) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 5 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 80 ਤੋਂ 100 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। ਭੂਗੋਲ, ਅਰਥਸ਼ਾਸਤਰ, ਇਤਿਹਾਸ ਅਤੇ ਨਾਗਰਿਕ ਸ਼ਾਸਤਰ ਭਾਗ ਵਿੱਚੋਂ ਕ੍ਰਮਵਾਰ 1+1+1+1, ਕੁੱਲ 4 ਪ੍ਰਸ਼ਨ ਪੁੱਛੇ ਜਾਣਗੇ। **$4 \times 5 = 20$ ਅੰਕ**

**ਭਾਗ-ਹ**

**ਸਰੋਤ ਅਧਾਰਤ ਪ੍ਰਸ਼ਨ:** ਇਹ ਪ੍ਰਸ਼ਨ ਅਰਥਸ਼ਾਸਤਰ ਅਤੇ ਨਾਗਰਿਕ ਸ਼ਾਸਤਰ ਭਾਗ ਵਿੱਚੋਂ ਸਾਂਝਾ ਪ੍ਰਸ਼ਨ ਹੋਵੇਗਾ ਜੋ ਕਿ ਪਾਠ ਕ੍ਰਮ 'ਤੇ ਆਧਾਰਤ ਹੋਵੇਗਾ ਪਰ ਪਾਠ-ਪੁਸਤਕ ਦੇ ਵਿਸ਼ਾ ਵਸਤੂ 'ਤੇ ਅਧਾਰਤ ਨਹੀਂ ਹੋਵੇਗਾ। ਇਸ ਪ੍ਰਸ਼ਨ ਅਧੀਨ 1 ਅੰਕ ਦੇ 4 ਪ੍ਰਸ਼ਨ ਪੁੱਛੇ ਜਾ ਸਕਦੇ ਹਨ।

**$4 \times 1 = 4$ ਅੰਕ**

CamScanner

ਭਾਗ-ਕ

ਨਕਸ਼ਾ ਕਾਰਜ: ਇਸ ਪ੍ਰਸ਼ਨ ਵਿੱਚ ਭੂਗੋਲ ਭਾਗ ਵਿੱਚੋਂ ਭਾਰਤ ਦੇ ਨਕਸ਼ੇ ਵਿੱਚ ਅਤੇ ਇਤਿਹਾਸ ਭਾਗ ਵਿੱਚੋਂ 1947 ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ 6-6 ਸਥਾਨਾਂ ਵਿੱਚੋਂ 4-4 ਸਥਾਨ ਭਰਨੇ ਹੋਣਗੇ। ਹਰੇਕ ਸਥਾਨ ਲਈ 1 ਅੰਕ ਨਿਰਧਾਰਤ ਹੋਵੇਗਾ।

$2 \times 4 = 8$ ਅੰਕ

**ਪ੍ਰਸ਼ਨ ਪੱਤਰ ਦੀ ਰੂਪ-ਰੇਖਾ (ਅੰਕਾਂ ਅਤੇ ਪ੍ਰਸ਼ਨਾਂ ਦੀ ਸੰਖਿਆ ਅਨੁਸਾਰ)**

| ਭਾਗ | ਪ੍ਰਸ਼ਨਾਂ ਦੀ ਕਿਸਮ | ਪ੍ਰਤੀ ਪ੍ਰਸ਼ਨ ਅੰਕ | ਪ੍ਰਸ਼ਨਾਂ ਦੀ ਸੰਖਿਆ | ਕੁੱਲ ਅੰਕ |
|---|---|---|---|---|
| (ੳ) | ਬਹੁ-ਵਿਕਲਪੀ ਪ੍ਰਸ਼ਨ | 1 | 12 | 12 |
| (ਅ) | ਵਸਤੂਨਿਸ਼ਠ ਪ੍ਰਸ਼ਨ | 1 | 12 | 12 |
| (ੲ) | ਛੋਟੇ ਉੱਤਰਾਂ ਵਾਲੇ ਪ੍ਰਸ਼ਨ | 3 | 8 | 24 |
| (ਸ) | ਵੱਡੇ ਉੱਤਰਾਂ ਵਾਲੇ ਪ੍ਰਸ਼ਨ | 5 | 4 | 20 |
| (ਹ) | ਸਰੋਤ (ਪੈਰ੍ਹਾ) ਅਧਾਰਤ ਪ੍ਰਸ਼ਨ | 4 (Eco + Civics) | 1 | 04 |
| (ਕ) | ਨਕਸ਼ੇ ਸਬੰਧੀ ਪ੍ਰਸ਼ਨ | 4+4 (Geo. + His.) | 1 | 08 |
| | ਕੁੱਲ | | | 80 |

**ਸੀ.ਸੀ.ਈ- ਕੁੱਲ 20 ਅੰਕ**

| | |
|---|---|
| ਨਿਯਮਿਤ ਟੈਸਟ 5 ਅੰਕ | ਪ੍ਰੋਜੈਕਟ ਵਰਕ/ ਗਤੀਵਿਧੀਆਂ 5 ਅੰਕ |
| ਪ੍ਰੀ-ਬੋਰਡ 5 ਅੰਕ | ਸ਼੍ਰੇਣੀ ਅਧਿਆਪਕ ਨਿਰਧਾਰਿਤ ਪਾਠਕ੍ਰਮ ਵਿੱਚੋਂ ਕਿਸੇ ਇੱਕ ਸਬੰਧਤ ਵਿਸ਼ੇ ਉੱਤੇ ਕੋਈ ਵੀ ਪ੍ਰੋਜੈਕਟ ਦੇ ਸਕਦਾ ਹੈ। ਉਦਾਹਰਣ ਵਜੋਂ:<br>• ਉਪਭੋਗਤਾ ਸਬੰਧੀ ਜਾਗਰੂਕਤਾ<br>ਜਾਂ<br>• ਵਿੱਤੀ ਸਾਖਰਤਾ<br>ਜਾਂ<br>• ਸਮਾਜਿਕ ਮੁੱਦੇ<br>• ਰਾਜਨੀਤਿਕ ਘਟਨਾਵਾਂ<br>• ਇਤਿਹਾਸਿਕ ਘਟਨਾਵਾਂ<br>ਨੋਟ: ਸਮਾਜਿਕ ਸਿੱਖਿਆ ਵਿਸ਼ੇ ਦੀ ਪਾਠ-ਪੁਸਤਕ ਵਿੱਚ ਦਿੱਤੀਆਂ ਕਿਰਿਆਵਾਂ, ਗਤੀਵਿਧੀਆਂ ਆਦਿ ਵਿਦਿਆਰਥੀਆਂ ਵੱਲੋਂ ਆਪਣੀਆਂ ਨੋਟ ਬੁੱਕਸ ਵਿੱਚ ਹੀ ਕੀਤੀਆਂ ਜਾਣਗੀਆਂ। ਵੱਖਰੀਆਂ ਪ੍ਰੈਕਟੀਕਲ ਫਾਇਲ/ ਸਕਰੈਪ ਬੁੱਕ ਆਦਿ ਦੀ ਲੋੜ ਨਹੀਂ ਹੈ।<br>ਸਮਾਜਿਕ ਸਿੱਖਿਆ ਵਿਸ਼ੇ ਦੇ ਪ੍ਰੈਕਟੀਕਲ/ਪ੍ਰੋਜੈਕਟ ਗਤੀਵਿਧੀਆਂ ਆਦਿ ਸਕੂਲ ਆਪਣੇ ਪੱਧਰ 'ਤੇ ਹੀ ਕਰਵਾਉਣਗੇ। |
| ਵਿਸ਼ੇ ਵਿੱਚ ਵਿਦਿਆਰਥੀ ਦੀ ਰੁਚੀ ਅਤੇ ਅਨੁਸ਼ਾਸਨ (ਹੋਮ ਵਰਕ/ ਨੋਟ ਬੁੱਕ/ਵਰਕ ਬੁੱਕ) 3 ਅੰਕ | |
| ਪੁਸਤਕ ਬੈਂਕ 2 ਅੰਕ<br>ਵਿਸ਼ੇ ਨਾਲ ਸਬੰਧਤ ਪਾਠ-ਪੁਸਤਕ ਵਿਸ਼ਾ ਅਧਿਆਪਕ ਕੋਲ ਜਮ੍ਹਾਂ ਕਰਵਾਉਣਾ। | |

CamScanner